**Shikshan Sanshodhan** : Journal of Arts, Humanities and Social Sciences
Monthly, Peer-Reviewed, Refereed, Indexed Journal
Volume - 8, Issue - 6, June - 2025

ISSN(o): 2581-6241
Impact Factor: 7.384

शिक्षण संशोधन

DOIs:10.2018/SS/202506017 --:-- Research Paper / Article / Review

# ਮਿੱਥ ਭੰਜਕ ਨਾਟਕਕਾਰ : ਸਵਰਾਜਬੀਰ

**Ms. Manpreet Kaur**
Research Scholar - Ph.D. Department of Panjabi
Kurukshetra University, Kurukshetra,
corresponding author Email : Panjabi2022manpreet@kuk.ac.in

**Dr. Devinder Bibipuria**
Assistant Professor, Department of Panjabi
Kurukshetra University, Kurukshetra
Email : devinderbibipuria082@gmail.com

**ਸੰਖੇਪ (Abstract):** ਇਹ ਖੋਜ ਪੱਤਰ ਨਾਟਕ ਵਿਧਾ ਦੇ ਇਤਿਹਾਸਕ, ਰੂਪਕਲਾਤਮਕ ਅਤੇ ਸਮਾਜਿਕ ਸਰੋਕਾਰਾਂ ਦਾ ਅਧਿਐਨ ਕਰਦਾ ਹੈ, ਖਾਸ ਕਰਕੇ ਸਵਰਾਜਬੀਰ ਦੇ ਨਾਟਕਾਂ ਰਾਹੀਂ "ਮਿੱਥ ਰੂਪਾਂਤਰਨ" (Myth Transformation) ਦੀ ਵਿਸ਼ੇਸ਼ ਜਾਂਚ ਕੀਤੀ ਗਈ ਹੈ। ਨਾਟਕ ਵਿਧਾ ਦੇ ਵਿਕਾਸ ਨੂੰ ਯੂਨਾਨੀ, ਸੰਸਕ੍ਰਿਤ ਅਤੇ ਪੰਜਾਬੀ ਪਰੰਪਰਾ ਦੇ ਸੰਦਰਭ ਵਿਚ ਪੇਸ਼ ਕਰਦਿਆਂ, ਖੋਜ ਕਰਤਾ ਦਰਸਾਉਂਦਾ ਹੈ ਕਿ ਕਿਵੇਂ ਨਾਟਕ ਕੇਵਲ ਰੰਗਮੰਚ ਦੀ ਕਲਾ ਨਹੀਂ, ਸਗੋਂ ਸਾਹਿਤਿਕ ਅਤੇ ਸਾਂਸਕ੍ਰਿਤਿਕ ਸੰਵੇਦਨਾਵਾਂ ਦਾ ਸਰੋਤ ਵੀ ਹੈ। ਪੇਪਰ ਵਿਚ ਸਵਰਾਜਬੀਰ ਦੇ ਨਾਟਕਾਂ 'ਧਰਮਗੁਰੂ', 'ਕ੍ਰਿਸ਼ਨ', 'ਸ਼ਾਇਰੀ', ਅਤੇ 'ਅਗਨੀ ਕੁੰਡ' ਦਾ ਵਿਸ਼ਲੇਸ਼ਣ ਕਰਦਿਆਂ ਇਹ ਦਰਸ਼ਾਉਣ ਦਾ ਯਤਨ ਕੀਤਾ ਗਿਆ ਹੈ ਕਿ ਉਸ ਨੇ ਰਵਾਇਤੀ ਧਾਰਮਿਕ ਮਿੱਥਾਂ ਨੂੰ ਆਧੁਨਿਕ ਪ੍ਰਸੰਗਾਂ ਨਾਲ ਜੋੜ ਕੇ ਉਨ੍ਹਾਂ ਨੂੰ ਨਵੀਂ ਦਿਸ਼ਾ ਦਿੱਤੀ ਹੈ। ਉਨ੍ਹਾਂ ਦੇ ਨਾਟਕਾਂ ਵਿੱਚ ਦਲਿਤ ਚੇਤਨਾ, ਨਾਰੀ ਚੇਤਨਾ, ਧਾਰਮਿਕ ਵਿਵਸਥਾਵਾਂ ਦੀ ਆਲੋਚਨਾ, ਅਤੇ ਹਾਸ਼ੀਏ ਉੱਤੇ ਧੱਕੇ ਗਏ ਵਰਗਾਂ ਦੀ ਆਵਾਜ਼ ਉਭਰ ਕੇ ਸਾਹਮਣੇ ਆਉਂਦੀ ਹੈ। ਸਵਰਾਜਬੀਰ ਦੇ ਨਾਟਕ ਰਵਾਇਤੀ ਮਿੱਥਕ ਪਾਤਰਾਂ ਨੂੰ ਨਵੀਂਆਂ ਚੁਣੌਤੀਆਂ ਅਤੇ ਸਮਾਜਿਕ ਪ੍ਰਸੰਗਾਂ ਰਾਹੀਂ ਪ੍ਰਸਤੁਤ ਕਰਦੇ ਹਨ, ਜਿਸ ਨਾਲ ਉਹ "ਮਿੱਥ ਭੰਜਕ" ਨਾਟਕਕਾਰ ਵਜੋਂ ਸਨਮਾਨਿਤ ਹੁੰਦੇ ਹਨ। ਇਹ ਅਧਿਐਨ ਦਰਸਾਉਂਦਾ ਹੈ ਕਿ ਸਵਰਾਜਬੀਰ ਦੀ ਨਾਟਕ ਰਚਨਾ ਸਮਕਾਲੀ ਪੰਜਾਬੀ ਨਾਟਕ ਵਿਧਾ ਵਿਚ ਇਕ ਨਵੇਂ ਰੁਝਾਨ ਦੀ ਪਹਿਚਾਣ ਹੈ ਜੋ ਸਿਰਫ਼ ਵਿਸ਼ੇ ਵਿਚ ਹੀ ਨਹੀਂ, ਸਗੋਂ ਰੂਪ ਵਿਚ ਵੀ ਨਵੀਨਤਾ ਲਿਆਉਂਦੀ ਹੈ।

**Keywords :** ਮਿੱਥ ਰੁਪਾਂਤਰਨ, ਬ੍ਰਾਹਮਣੀ ਸੋਚ, ਨਾਰੀ ਚੇਤਨਾ, ਉੱਤਰਆਧੁਨਿਕਤਾ, ਸਮਾਜਿਕ ਵਿਅੰਗ ।

ਸਾਹਿਤ ਦੀਆਂ ਵੱਖੋ-ਵੱਖ ਵਿਧਾਵਾਂ ਜੋ ਆਪਣੇ-ਆਪਣੇ ਨਾਲ ਦਰਸ਼ਕਾਂ ਦਾ ਮਨ ਮੋਹ ਲੈਣ ਅਤੇ ਉਨ੍ਹਾਂ ਦੇ ਦਿਮਾਗ ਉਤੇ ਆਪਣਾ ਛਾਪ ਛੱਡਣ ਵਿੱਚ ਸਫਲ ਹੁੰਦੀਆਂ ਹਨ, ਨਾਟਕ ਵੀ ਉਨ੍ਹਾਂ ਹੀ ਸਾਹਿਤ ਵਿਧਾਵਾਂ ਵਿੱਚੋਂ ਇੱਕ ਮੰਨੀ ਗਈ ਹੈ। ਮਨੁੱਖੀ ਸਭਿਅਤਾ ਦੀ ਸ਼ੁਰੂਆਤ ਉਸ ਸਮੇਂ ਤੋਂ ਮੰਨੀ ਜਾਂਦੀ ਹੈ ਜਦੋਂ ਮਨੁੱਖ ਕੋਈ ਭਾਸ਼ਾ ਨਹੀਂ ਸੀ ਵਰਤ ਸਕਦਾ ਸੀ। ਉਸ ਸਮੇਂ ਉਹ ਇਸ਼ਾਰਿਆਂ ਨਾਲ ਆਪਣੇ ਮਨੋਭਾਵਾਂ ਨੂੰ ਦੂਜਿਆਂ ਨੂੰ ਸਮਝਾਉਂਦਾ ਸੀ। ਇਸ ਤੋਂ ਹੀ ਮਨੁੱਖ ਨੂੰ ਨਕਲ ਕਰਨ ਦੀ ਜਾਂਚ ਆਈ। ਇਸ ਮਗਰੋਂ ਹੀ ਨਾਟਕ ਦੀ ਸ਼ੁਰੂਆਤ ਹੋਈ। ਨਾਟਕ ਇਕ ਅਜਿਹੀ ਵਿਧਾ ਹੈ ਜਿਸ ਵਿੱਚ ਬਹੁਤ ਸਾਰੀਆਂ ਕਲਾਵਾਂ ਦਾ ਸਮਾਵੇਸ਼ ਹੁੰਦਾ ਹੈ। ਇਸ ਦੀ ਕਹਾਣੀ ਵਾਰਤਕ ਜਾ ਕਵਿਤਾ ਨਾਲ

**Shikshan Sanshodhan** : Journal of Arts, Humanities and Social Sciences ISSN(o): 2581-6241
Monthly, Peer-Reviewed, Refereed, Indexed Journal Impact Factor: 7.384
Volume - 8, Issue - 6, June - 2025

ਬਿਆਨ, ਦ੍ਰਿਸ਼ਬੰਦੀ ਵਿੱਚ ਵੱਖ-ਵੱਖ ਚਿੱਤਰਾਂ ਦਾ ਸਮਾਵੇਸ਼, ਨ੍ਰਿਤ-ਸੰਗੀਤ ਵਰਗੀਆਂ ਹੋਰ ਕਲਾਵਾਂ ਦੇ ਸਮਾਵੇਸ਼ ਤੋਂ ਬਾਅਦ ਹੀ ਇਹ ਆਪਣੇ ਅਸਲੀ ਸਰੂਪ ਨੂੰ ਪ੍ਰਾਪਤ ਕਰਦਾ ਹੈ।

> "ਨਾਟਕ ਸ਼ਬਦ ਸੰਸਕ੍ਰਿਤ ਸ਼ਬਦ ਤੋਂ ਬਣਿਆ ਹੈ। ਨਾਟਯ ਸੰਸਕ੍ਰਿਤ ਦੇ ਦੋ ਧਾਤੂਆਂ 'ਨਟ' ਤੇ 'ਨਾਟ' ਤੋਂ ਵਿਕਸਿਤ ਹੋਇਆ ਹੈ। ਸੰਸਕ੍ਰਿਤ ਵਿੱਚ 'ਨਟ' ਸ਼ਬਦ ਦਾ ਅਰਥ ਹੈ ਨੱਚਣਾ, ਹੇਠਾਂ ਡਿੱਗਣਾ, ਦਿਖਾਉਣਾ ਤੇ ਨਾਟਕ ਖੇਡਣ ਵਾਲਾ।" [1]

ਨਾਟਕ ਨੂੰ ਪਰਿਭਾਸ਼ਿਤ ਕਰਦਿਆਂ ਰੋਸ਼ਨ ਲਾਲ ਅਹੂਜਾ ਇਸਦੇ ਵਸਤੂ ਅਤੇ ਕਲਾਤਮਕ ਪੱਖ ਨੂੰ ਉਘਾੜਦਿਆਂ ਲਿਖਦਾ ਹੈ :

> "ਨਾਟਕ ਦੇ ਦੁੱਖ ਤੇ ਸੁੱਖ ਦੇ ਪ੍ਰਭਾਵਾਂ ਹੇਠ ਲੋਕਾਂ ਦੇ ਵਿਵਹਾਰਾਂ ਦਾ ਇਸ਼ਾਰਿਆਂ ਰਾਹੀਂ ਅਭਿਨੈ ਹੈ। ਅਭਿਨੈ ਨਕਲ ਹੈ। ਇਹ ਨਕਲ ਕਲਾਤਮਿਕ ਹੈ।" [2]

ਭਾਰਤ ਵਿੱਚ ਨਾਟਕ ਦੇ ਆਰੰਭ ਦੀ ਕੋਈ ਵੀ ਨਿਸਚਿਤ ਮਿਤੀ ਨਿਰਧਾਰਿਤ ਨਹੀਂ ਹੈ, ਪਰੰਤੂ ਇਸਦਾ ਇਤਿਹਾਸ ਵੀ ਪੱਛਮ ਦੇ ਨਾਟਕ ਦੇ ਇਤਿਹਾਸ ਜਿਨਾ ਹੀ ਪੁਰਾਣਾ ਮੰਨਿਆ ਗਿਆ ਹੈ। ਪੱਛਮ ਵਿੱਚ ਨਾਟ ਸਾਹਿਤ ਬਾਰੇ ਕਿਹਾ ਜਾਂਦਾ ਹੈ ਕਿ ਲਗਭਗ ਛੱਬੀ ਸੌ ਸਾਲ ਪੁਰਾਣਾ ਇਤਿਹਾਸ ਹੈ। ਇਨ੍ਹਾਂ ਸਾਲਾਂ ਵਿੱਚ ਵੱਖੋ-ਵੱਖ ਸਮਿਆਂ ਵਿੱਚ ਵੱਖ-ਵੱਖ ਨਾਟ ਸ਼ੈਲੀਆਂ ਅਤੇ ਨਾਟ ਰੂਪ ਹੋਂਦ ਵਿੱਚ ਆਏ। ਅਨੇਕਾਂ ਸ਼ਾਹਕਾਰ ਨਾਟਕ ਆਪਣੇ ਸਮੇਂ ਦੀਆਂ ਸਥਿੱਤੀਆਂ ਨੂੰ ਬਿਆਨ ਕਰਦਿਆਂ ਉਸ ਸਮੇਂ ਦੇ ਲਖਾਇਕ ਬਣੇ। ਸੋਫੋਕਲੀਜ਼ ਅਤੇ ਯੂਰੀਪਿਡੀਜ਼ ਦੇ ਨਾਟਕਾਂ ਨੂੰ ਉਦਾਹਰਨ ਵੱਜੋਂ ਸਮਝਿਆ ਜਾ ਸਕਦਾ ਹੈ।

ਸੋਫੋਕਲੀਜ਼ ਦਾ ਸਮਾਂ 496 ਤੋਂ 406 ਪੂਰਬ ਈਸਵੀ ਸੀ। ਯੂਨਾਨੀ ਨਾਟਕ ਸਦਾ ਹੀ ਦੁਖਾਂਤ ਸਿਰਜਦੇ ਰਹੇ ਹਨ ਅਤੇ ਸੋਫੋਕਲੀਜ਼ ਵੀ ਇਕ ਮਹਾਨ ਦੁਖਾਂਤਕਾਰ ਹੋਇਆ। ਉਸ ਦਾ ਨਾਟਕ 'ਰਾਜਾ ਈਡੀਪਸ' ਜਾ (ਈਡੀਪਸ ਰੈਕਸ) ਦੇ ਨਾਮ ਤੋਂ ਸੰਸਾਰ ਪ੍ਰਸਿੱਧ ਹੈ। ਜੋ ਅਰਸਤੂ ਦੇ ਤ੍ਰਾਸਦੀ ਦੇ ਸਿਧਾਂਤ ਅਨੁਸਾਰ ਭੈਅ ਅਤੇ ਕਰੂਣਾ ਦੋਵੇਂ ਪੈਦਾ ਕਰਨ ਦਾ ਹੁਨਰ ਰੱਖਦਾ ਹੈ। ਈਡੀਪਸ ਰੈਕਸ ਦੇ ਨਾਇਕ ਈਡੀਪਸ ਦੀ ਜਿੰਦਗੀ ਦੀ ਤ੍ਰਾਸਦੀ ਹੋਣੀ ਵਿੱਚ ਉਸ ਸਮੇਂ ਬਦਲਦੀ ਹੈ ਜਦੋਂ ਉਹ ਅਣਜਾਣੇ ਵਿੱਚ ਆਪਣੇ ਪਿਤਾ ਨੂੰ ਮਾਰ ਕੇ ਆਪਣੀ ਜਨਮ ਦੇਣ ਵਾਲੀ ਮਾਂ(ਮਹਾਰਾਣੀ) ਨੂੰ ਹੀ ਆਪਣੀ ਪਤਨੀ ਬਣਾ ਲੈਂਦਾ ਹੈ। ਅਜਿਹਾ ਗੁਨਾਹ ਜੋ ਕਿਸੇ ਮਨੁੱਖ ਦੀ ਸੋਚ ਤੋਂ ਵੀ ਪਰ੍ਹੇ ਦੀ ਗੱਲ ਹੋਵੇ, ਜਿਸ ਮਨੁੱਖ ਨਾਲ ਵਾਪਰਦਾ ਹੈ ਉਸ ਦੇ ਨਸੀਬ ਨੂੰ ਹੋਣੀ ਕਹਿੰਦਿਆਂ ਹੀ ਮਨੁੱਖ ਦਾ ਦਿਲ ਘੋਰ ਉਦਾਸੀ ਵਿੱਚ ਡੁੱਬ ਜਾਂਦਾ ਹੈ। ਅਜਿਹੇ ਹੀ ਬਹੁਤ ਸਾਰੇ ਨਾਟਕ ਜੋ ਆਪਣੇ ਸਮੇਂ ਦੇ ਲਖਾਇਕ ਬਣੇ ਹਨ, ਉਨ੍ਹਾਂ ਹੀ ਪੱਛਮੀ ਨਾਟ ਸਾਹਿਤ ਦਾ ਮਾਣ-ਮੱਤਾ ਇਤਿਹਾਸ ਸਿਰਜਿਆ ਹੈ। ਇਸੇ ਤਰ੍ਹਾਂ ਹੀ ਯੂਰੀਪੀਡੀਜ਼ ਦਾ 'ਮਿਡੀਆ' ਵੀ ਯੂਨਾਨੀ ਦੁਖਾਂਤ ਵੱਜੋਂ ਹੀ ਸਾਹਮਣੇ ਆਉਂਦਾ ਹੈ, ਜਿਸ ਵਿੱਚ ਮਨੁੱਖੀ ਸਧਰਾਂ ਅਤੇ ਬਦਲੇ ਦੀ ਭਾਵਨਾ ਜਿਹੇ ਵਿਚਾਰਾਂ ਦੇ ਸੁਮੇਲ ਦੇ ਨਾਲ-ਨਾਲ ਔਰਤ ਮਰਦ ਦੇ ਰਿਸ਼ਤੇ ਦੇ ਦਵੰਦ ਨੂੰ ਸਾਹਮਣੇ ਰੱਖਿਆ ਗਿਆ ਹੈ। ਸ਼ੇਕਸਪੀਅਰ ਦੇ ਨਾਟਕ 'ਮੈਕਬੈਥ' ਵਿੱਚ ਵੀ ਦੁਖਾਂਤ ਵੇਖਣ ਨੂੰ ਮਿਲਦਾ ਹੈ।

ਪਰੰਤੂ ਜੇਕਰ ਭਾਰਤੀ ਨਾਟ ਪਰੰਪਰਾ ਦਾ ਜਿਕਰ ਕਰਨਾ ਹੋਵੇ ਤਾਂ 'ਅਭਿਗਿਆਨ ਸ਼ਾਕੁੰਤਲਮ' ਨੂੰ ਭਾਰਤੀ ਨਾਟਕ ਪਰੰਪਰਾ ਦਾ ਉੱਤਮ ਨਮੂਨਾ ਮੰਨਿਆ ਗਿਆ ਹੈ। ਸੰਸਕ੍ਰਿਤ ਦੇ ਸ਼੍ਰੇਸ਼ਠ ਨਾਟਕਕਾਰ ਕਾਲੀਦਾਸ ਦੁਆਰਾ ਇਸ ਨਾਟਕ ਵਿੱਚ ਪੁਰਸ਼-ਪ੍ਰਧਾਨ ਸਮਾਜ ਦੀਆਂ ਕਦਰਾਂ ਕੀਮਤਾਂ ਅਤੇ ਨਾਰੀ ਚੇਤਨਾ ਦੀ ਵਿਆਖਿਆ ਕੀਤੀ ਹੈ। ਇਨ੍ਹਾਂ ਵਿੱਚੋਂ ਅਜਿਹੇ ਨਾਟਕ ਵੀ ਹਨ ਜੋ ਰੰਗਮੰਚ ਉੱਤੇ ਖੇਡੇ ਨਹੀਂ ਗਏ ਪਰੰਤੂ ਇਸ ਦਾ ਭਾਵ ਇਹ ਤਾਂ ਕਦੇ ਵੀ ਨਹੀਂ ਕਿ ਉਹ ਨਾਟਕ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ। ਪਰੰਤੂ ਕਈ ਨਾਟਕਕਾਰ ਰੰਗਮੰਚ ਤੋਂ ਬਗੈਰ ਨਾਟਕ ਬਾਰੇ ਸੋਚਣਾ ਵੀ ਗੁਨਾਹ ਮੰਨਦੇ ਹਨ, ਇਸ ਸੰਦਰਭ ਵਿੱਚ ਕਪੂਰ ਸਿੰਘ ਲਿਖਦਾ ਹੈ :

> "ਜੋ ਨਾਟਕ ਰੰਗਮੰਚ 'ਤੇ ਕਦੇ ਖੇਡਿਆ ਹੀ ਨਹੀਂ ਗਿਆ, ਉਸਦੀ ਰਚਨਾ ਕਰਨ ਵਾਲੇ ਨਾਟਕਕਾਰ ਦੀ ਹਾਲਤ ਉਸ ਮਾਂ ਵਰਗੀ ਹੈ ਜਿਸਨੇ ਮੁਰਦਾ ਬੱਚੇ ਨੂੰ ਜਨਮ ਦਿੱਤਾ ਹੋਵੇ।" [3]

ਨਾਟਕ ਅਤੇ ਰੰਗਮੰਚ ਦਾ ਰਿਸ਼ਤਾ ਬਹੁਤ ਗਹਿਰਾ ਹੈ ਪਰੰਤੂ ਨਾਟਕ ਨੂੰ ਕੇਵਲ ਰੰਗਮੰਚ ਤਕ ਸੀਮਿਤ ਕਰਨਾ ਨਿਆਂ ਵਾਲੀ ਗੱਲ ਨਹੀਂ। ਨਾਟਕ ਸਾਹਿਤ ਦੀ ਵੀ ਇਕ ਨਿਵੇਕਲੀ ਵਿਧਾ ਹੈ। ਇਸ ਕਰਕੇ ਨਾਟਕ ਦਾ ਸੰਬੰਧ ਇਕੋ ਸਮੇਂ ਸਾਹਿਤ ਅਤੇ ਥੀਏਟਰ ਦੋਵਾਂ ਨਾਲ ਜੁੜਦਾ ਹੋਣ ਕਰਕੇ ਹੀ ਇਹ ਇਕ ਸੰਯੁਕਤ ਸੁਭਾਅ ਵਾਲੀ ਵਿਲੱਖਣ ਵਿਧਾ ਦੇ ਰੂਪ ਵਿੱਚ ਪੇਸ਼ ਹੁੰਦੀ ਹੈ।

ਪੱਛਮ ਤੋਂ ਭਾਰਤ ਅਤੇ ਭਾਰਤੀ ਤੋਂ ਪੰਜਾਬੀ ਸਾਹਿਤ ਵਿੱਚ ਜੇਕਰ ਨਾਟਕ ਦੇ ਵਿਕਾਸ ਦੀ ਚਰਚਾ ਕਰੀਏ ਤਾਂ ਪੰਜਾਬੀ ਸਾਹਿਤ ਜਗਤ ਵਿੱਚ ਨਾਟਕ ਵਿਧਾ ਨੇ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ। ਪੰਜਾਬੀ ਸਾਹਿਤ ਵਿੱਚ ਆਈ.ਸੀ ਨੰਦਾ ਤੋਂ ਸ਼ੁਰੂ ਹੋਣ ਤੋਂ ਬਾਅਦ ਨਾਟਕ ਸਮਕਾਲ ਤਕ ਦਾ ਸਫ਼ਰ ਤੈਅ ਕਰਦਾ ਆ ਰਿਹਾ ਹੈ। ਪੰਜਾਬੀ ਸਾਹਿਤ ਵਿੱਚ ਵੱਖ-ਵੱਖ ਸਮੇਂ ਵੱਖੋ-ਵੱਖ ਨਾਟਕਕਾਰ ਆਪਣੀ ਪ੍ਰਤੀਭਾ ਵਿਖਾਉਂਦੇ ਰਹੇ ਹਨ। ਜਿਨ੍ਹਾਂ ਵਿੱਚੋਂ ਹਰਚਰਨ ਸਿੰਘ, ਚਰਨਦਾਸ ਸਿੱਧੂ, ਕਪੂਰ ਸਿੰਘ ਘੁੰਮਣ, ਸੁਰਜੀਤ ਸਿੰਘ ਸੇਠੀ, ਆਤਮਜੀਤ ਸਿੰਘ ਅਤੇ ਸਵਰਾਜਬੀਰ ਦੇ ਨਾਮ ਪ੍ਰਮੁੱਖ ਤੌਰ ਤੇ ਲਏ ਜਾ ਸਕਦੇ ਹਨ। ਨਾਟਕ ਸਾਹਿਤ ਜਗਤ ਵਿੱਚ ਯੂਨਾਨੀ ਨਾਟ ਅਤੇ ਸੰਸਕ੍ਰਿਤ ਨਾਟ ਸ਼ਾਸਤਰ ਦੀ ਬਹੁਤ ਲੰਮੀ ਪਰੰਪਰਾ ਚਲੀ ਆ ਰਹੀ ਹੈ। ਪਰੰਤੂ ਪੰਜਾਬੀ ਨਾਟਕਕਾਰ ਉਨ੍ਹਾਂ ਦੇ ਪਿਛਲੱਗ ਬਨਣ ਦੀ ਥਾਂ ਨਵੇਂ ਪ੍ਰਤੀਮਾਨ ਸਿਰਜਦੇ ਰਹੇ ਹਨ। ਇਸ ਦੀ ਹਾਮੀ ਭਰਦਿਆਂ ਹਰਚਰਨ ਸਿੰਘ ਲਿਖਦਾ ਹੈ :

> "ਭਾਵੇਂ ਤਕਨੀਕੀ ਪੱਖੋਂ ਪੰਜਾਬੀ ਨਾਟਕ ਪੱਛਮੀ ਸਾਹਿਤ ਤੋਂ ਪ੍ਰਭਾਵਿਤ ਹੈ ਪਰ ਭਾਵ ਤੇ ਵਿਸ਼ੇ ਦੀ ਚੋਣ ਦੇ ਤੌਰ 'ਤੇ ਇਹ ਸਦਾ ਮੌਲਿਕ ਤੇ ਸੁਤੰਤਰ ਰਿਹਾ ਹੈ। ਪੰਜਾਬ ਦੀ ਧਰਤੀ ਦੇ ਵਿਸ਼ੇਸ਼ ਤੱਤ ਤੇ ਗੁਣ ਇਸ ਵਿੱਚ ਸਦਾ ਪ੍ਰਬਲ ਰਹੇ ਹਨ।" [4]

1991 ਦੇ ਵਰ੍ਹੇ ਤੋਂ ਬਾਅਦ ਭਾਰਤ ਵਿੱਚ ਉਦਾਰੀਕਰਨ,ਨਿਜੀਕਰਨ ਤੇ ਵਿਸ਼ਵੀਕਰਨ ਦੀ ਸਥਿਤੀ ਤਿਆਰ ਹੋਈ ਜਿਸ ਨੇ ਪੂਰੇ ਸਾਹਿਤ ਜਗਤ ਨੂੰ ਪ੍ਰਭਾਵਿਤ ਕੀਤਾ। ਇਸ ਤੋਂ ਬਾਅਦ ਹੀ ਸਾਹਿਤ ਵਿੱਚ ਦਲਿਤ ਚੇਤਨਾ ਅਤੇ ਨਾਰੀ ਚੇਤਨਾ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਇਸ ਦੇ ਸਮਾਂਨਾਂਤਰ ਹੀ ਤਿੰਨ ਦੌਰ ਜੋ ਕਿ ਨਾਟਕ ਵਿੱਚ ਪੇਸ਼ ਹੋਏ ਹਨ। ਉਨ੍ਹਾਂ ਤੋਂ ਬਾਅਦ ਹੁਣ ਉਸ ਚੌਥੇ ਦੌਰ ਦੇ ਨਾਟਕਕਾਰਾਂ ਦੀ ਵਾਰੀ ਆਉਂਦੀ ਹੈ। ਜੋ ਪਹਿਲੇ ਨਾਟਕਕਾਰਾਂ ਨਾਲੋਂ ਕੁੱਝ ਵੱਖਰਾ ਸਿਰਜਣ ਦਾ ਦਮ ਭਰਦੇ ਹਨ। ਇਨ੍ਹਾਂ ਵਿੱਚ ਮਨਜੀਤ ਪਾਲ. ਦੇਵਿੰਦਰ ਕੁਮਾਰ, ਪਾਲੀ ਭੁਪਿੰਦਰ, ਕੁਲਦੀਪ ਸਿੰਘ ਦੀਪ, ਕਿਰਪਾਲ ਕਜ਼ਾਕ, ਐਚ.ਐਸ.ਰੰਧਾਵਾ ਅਤੇ ਸਵਰਾਜਬੀਰ ਵਰਗੇ ਪ੍ਰਮੁੱਖ ਨਾਟਕਕਾਰ ਸ਼ਾਮਿਲ ਹਨ।

ਸਵਰਾਜਬੀਰ ਅਜਿਹਾ ਹੀ ਇਕ ਪੰਜਾਬੀ ਨਾਟਕਕਾਰ ਹੈ ਜਿਸ ਨੇ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਬਗਾਵਤੀ ਸੁਰ ਨਾਲ ਇਕ ਵੱਖਰੀ ਪਛਾਣ ਬਣਾਈ ਹੈ। ਸਵਰਾਜਬੀਰ ਇਸ ਚੌਥੇ ਦੌਰ ਦਾ ਅਜਿਹਾ ਨਾਚਕਕਾਰ ਹੋਇਆ ਜਿਸ ਨੇ ਪਰੰਪਰਾਗਤ ਵਲਗਣਾਂ ਵਿੱਚੋਂ ਨਿਕਲ ਕੇ ਮਿੱਥ ਨੂੰ ਨਵੇਂ ਅਰਥਾਂ ਵਿੱਚ ਪੇਸ਼ ਕੀਤਾ ਹੈ। ਜਿਸ ਕਰਕੇ ਉਸ ਨੂੰ ਮਿੱਥ ਭੰਜਕ ਨਾਟਕਕਾਰ ਮੰਨਿਆ ਜਾਂਦਾ ਹੈ। ਸਵਰਾਜਬੀਰ ਨੇ ਨਾਟਕ ਖੇਤਰ ਵਿੱਚ ਹੁਣ ਤਕ 'ਧਰਮ ਗੁਰੂ' (1999), 'ਕ੍ਰਿਸ਼ਨ' (2001), 'ਮੇਦਨੀ' (2002), 'ਸ਼ਾਇਰੀ' (2004), 'ਕੱਲਰ' (2007), 'ਮੱਸਿਆ ਦੀ ਰਾਤ' (2013), 'ਹੱਕ' (2015), 'ਅਗਨੀ ਕੁੰਡ' (2016), 'ਤਸਵੀਰਾਂ' (2018) ਆਦਿ ਨਾਟਕਾਂ ਨਾਲ ਆਪਣੀ ਵੱਖਰੀ ਪਛਾਣ ਬਣਾਈ ਹੈ।

ਸਵਰਾਜਬੀਰ ਦੇ ਨਾਟਕਾਂ ਵਿੱਚ ਜਿੱਥੇ ਮਿੱਥ ਦਾ ਭੰਜਣ ਹੁੰਦਾ ਆਮ ਹੀ ਦਿਸਦਾ ਹੈ, ਉੱਥੇ ਹੀ ਉਸ ਨੇ ਉਤਰਆਧੁਨਿਕਤਾ ਦੇ ਸਮੇਂ ਹਰ ਮਸਲੇ ਨੂੰ ਵੀ ਆਪਣੇ ਨਾਟਕਾਂ ਰਾਹੀਂ ਸਮਾਜ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਸਵਰਾਜਬੀਰ ਦੇ ਨਾਟਕ 'ਧਰਮਗੁਰੂ' ,

'ਕ੍ਰਿਸ਼ਨ', ਅਤੇ ਸ਼ਾਇਰੀ ਵਿੱਚ ਨਾਰੀ ਚੇਤਨਾ ਨੂੰ ਪ੍ਰਮੁੱਖ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਉਸ ਨੇ ਸਮਕਾਲ ਦੀ ਸਭ ਤੋਂ ਭਿਆਨਕ ਪਰਵਾਸ ਧਾਰਨ ਦੀ ਸਮੱਸਿਆ ਨੂੰ ਆਧਾਰ ਬਣਾ ਕੇ 'ਕੱਲਰ' ਨਾਟਕ ਸਿਰਜਿਆ ਹੈ। ਭਾਵ ਅਰਥ ਸਵਰਾਜਬੀਰ ਨੇ ਅਜੋਕੇ ਸਮਾਜ ਦੇ ਹਰ ਭਖਦੇ ਮੁੱਦੇ ਬਾਰੇ ਲਿਖਣ ਦਾ ਭਰਵਾਂ ਯਤਨ ਕੀਤਾ ਹੈ, ਪ੍ਰੰਤੂ ਹੱਥਲੇ ਖੋਜ ਪੇਪਰ ਦਾ ਦਾਇਰਾ ਸੀਮਿਤ ਕਰਕੇ ਕੇਵਲ ਸਵਰਾਜਬੀਰ ਦੇ ਨਾਟਕਾਂ ਵਿਚਲੇ ਮਿੱਥ ਰੂਪਾਂਤਰਨ ਦਾ ਅਧਿਅਨ ਕਰਨਾ ਮਿਥਿਆ ਗਿਆ ਹੈ ਜਿਸ ਕਰਕੇ ਪੇਪਰ ਦਾ ਕੇਂਦਰ ਬਿੰਦੂ ਨਾਟਕਕਾਰ ਦੇ ਨਾਟਕਾਂ ਦਾ ਮਿੱਥ ਰੁਪਾਂਤਰਨ ਹੀ ਰਹੇਗਾ। ਪ੍ਰੰਤੂ ਸਵਰਾਜਬੀਰ ਦੇ ਨਾਟਕਾਂ ਦੇ ਮਿੱਥ ਰੂਪਾਂਤਰਣ ਦਾ ਅਧਿਅਨ ਕਰਨ ਤੋਂ ਪਹਿਲਾਂ ਸਾਡੇ ਲਈ ਮਿੱਥ ਸ਼ਬਦ ਨੂੰ ਸਮਝਣਾ ਬੇਹਦ ਲਾਜ਼ਮੀ ਹੋ ਜਾਂਦਾ ਹੈ। ਭੁਪਿੰਦਰ ਸਿੰਘ ਖਹਿਰਾ ਮਿੱਥ ਸ਼ਬਦ ਨੂੰ ਇਉਂ ਪਰਿਭਾਸ਼ਿਤ ਕਰਦੇ ਹਨ :

> " ਮਿੱਥ (Myth) ਸ਼ਬਦ ਗਰੀਕ ਸ਼ਬਦ ਮੂਥਸ ਮੇਟ ਹੁਸ ਲਾਤੀਨੀ ਭਾਸ਼ਾ ਰਾਹੀਂ ਅੰਗਰੇਜ਼ੀ ਵਿੱਚ ਆਇਆ ਜਿਸ ਦਾ ਅਰਥ ਹੈ ਬੋਲਣਾ, ਨੀਤੀ ਕਹਾਣੀ। ਮਿੱਥ ਸ਼ਬਦ ਪੁਰਾਤਨ ਸਲਾਵਿਕ ਦੇ ਸ਼ਬਦ ਮਿਸਲ (Mysle) ਦਾ ਵਿਗੜਿਆ ਰੂਪ ਹੋ ਸਕਦਾ ਹੈ ਜਿਸ ਦਾ ਅਰਥ ਵਿਚਾਰਨਾ, ਘੋਖਣਾ ਹੈ।" [5]

ਮਿੱਥ ਕਥਾਵਾਂ ਤੋਂ ਭਾਵ ਉਨ੍ਹਾਂ ਕਹਾਣੀਆਂ ਤੋਂ ਲਿਆ ਜਾ ਸਕਦਾ ਹੈ ਜਿਨ੍ਹਾਂ ਉੱਤੇ ਅਜੋਕੇ ਸਮੇਂ ਵਿੱਚ ਵਿਸ਼ਵਾਸ ਕਰਨਾ ਔਖਾ ਜਿਹਾ ਜਾਪਦਾ ਹੈ। ਮਿਥਿਹਾਸ ਦੇ ਅੰਗਰੇਜ਼ੀ ਸ਼ਬਦ 'ਮਿਥਿਕਲ' ਦਾ ਭਾਵ ਵੀ ਅਵਿਸ਼ਵਾਸ ਤੋਂ ਹੀ ਹੈ। ਮਿੱਥ ਕਥਾ ਨੂੰ ਪੁਰਾਣ ਕਥਾ ਕਹਿਣਾ ਵੀ ਜਾਇਜ਼ ਮੰਨਿਆ ਹੈ, ਪੁਰਾਣ ਦਾ ਅਰਥ ਹੈ ਪੁਰਾਣਾ ਜਿਹਾ ਪ੍ਰਾਚੀਨ। ਸਵਰਾਜਬੀਰ ਨੇ ਵੀ ਇਨ੍ਹਾਂ ਹੀ ਪੁਰਾਣਿਕ ਕਥਾਵਾਂ ਨੂੰ ਆਧਾਰ ਬਣਾਉਂਦਿਆਂ ਆਪਣੇ ਨਾਟਕ ਰਚੇ ਹਨ।

ਧਰਮ ਗੁਰੂ ਤੇ ਕ੍ਰਿਸ਼ਨ ਇਨ੍ਹਾਂ ਦੋਹਾਂ ਨਾਟਕਾਂ ਵਿੱਚ ਸਵਰਾਜਬੀਰ ਨੇ ਇੱਕੋ ਜਿਹੀ ਸੁਰ ਪੇਸ਼ ਕੀਤੀ ਹੈ ਜਿਸ ਨਾਲ ਉਹ ਸਮਾਜ ਨੂੰ ਜਾਗਰੂਕ ਕਰਨ ਦਾ ਉਪਰਾਲਾ ਕਰਦਾ ਹੈ। ਉਸ ਦਾ ਇਹ ਯਤਨ ਸ਼ਲਾਘਾ ਯੋਗ ਵੀ ਹੈ ਅਤੇ ਬਗਾਵਤੀ ਸੁਰ ਨੂੰ ਵੀ ਪੇਸ਼ ਕਰਦਾ ਨਜ਼ਰੀਂ ਪੈਂਦਾ ਹੈ ਕਿਉਂਕਿ ਉਹ ਇਤਿਹਾਸ ਮਿਥਿਹਾਸ ਅਤੇ ਉਸ ਸਮੇਂ ਦੀ ਰਾਜਨੀਤੀ ਨੂੰ ਅਜੋਕੀ ਰਾਜਨੀਤੀ ਨਾਲ ਨਵ ਸਿਰਜਤ ਸੰਦਰਭਾਂ ਵਿੱਚ ਪੇਸ਼ ਕਰਦਾ ਹੈ। ਸਵਰਾਜਬੀਰ ਨੂੰ ਮਿੱਥ ਭੰਜਕ ਦੀ ਸੰਘਿਆ ਇਸ ਕਰਕੇ ਹੀ ਮਿਲੀ ਹੈ ਕਿਉਂਕਿ ਉਹ ਲੋਕਾਂ ਦੇ ਸ਼ਰਧਾਮਈ ਇਸ਼ਟ ਨੂੰ ਆਧਾਰ ਬਣਾਉਣ ਤੋਂ ਬਾਅਦ ਉਹਨਾਂ ਦੀ ਅੰਨ੍ਹੀ ਸ਼ਰਧਾ ਉੱਤੇ ਕਰਾਰੀ ਚੋਟ ਕਰਦਾ ਨਜ਼ਰ ਆਉਂਦਾ ਹੈ ਇਸ ਰਾਹੀਂ ਹੀ ਉਹ ਸਮਾਜ ਨੂੰ ਨਵੀਂ ਰਾਹ ਦੇਣ ਦਾ ਯਤਨ ਕਰਦਾ ਹੈ।

ਕ੍ਰਿਸ਼ਨ ਨਾਟਕ ਵਿੱਚ ਸਵਰਾਜਬੀਰ ਨੇ ਕ੍ਰਿਸ਼ਨ ਸੰਬੰਧਿਤ ਮਿੱਥ ਕਥਾ ਨੂੰ ਆਧਾਰ ਬਣਾਇਆ ਹੈ। ਇਸ ਦੀ ਕਥਾ ਦਾ ਆਰੰਭ ਖਾਂਡਵ ਵਨ ਤੋਂ ਹੁੰਦਾ ਹੈ ਜਿਸ ਨੂੰ ਕ੍ਰਿਸ਼ਨ ਦੇ ਕਹਿਣ ਤੇ ਅੱਗ ਲਗਾ ਕੇ ਸਾੜ ਦਿੱਤਾ ਗਿਆ ਅਤੇ ਹਜ਼ਾਰਾਂ ਭੀਲ ਉਸ ਵਿੱਚ ਸੜ ਕੇ ਸਵਾਹ ਹੋ ਗਏ। ਜਿਸ ਨਾਲ ਵਿਦਰੋਹ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਉਹ ਕ੍ਰਿਸ਼ਨ ਦੇ ਰਾਜ ਦਾ ਅੰਤ ਕਰਨ ਨੂੰ ਆਤੁਰ ਹੋ ਜਾਂਦੇ ਹਨ। ਵਣ-ਵਾਸੀਆਂ ਦੇ ਵਿਦਰੋਹ ਦੀ ਪ੍ਰਤਿਨਿੱਧਤਾ ਜ਼ਰਾਂ ਨਾਂ ਦੇ ਇੱਕ ਭੀਲ ਦੁਆਰਾ ਕੀਤੀ ਜਾਂਦੀ ਹੈ ਜ਼ਰਾਂ ਇਸ ਵਿੱਚ ਅਣਹੋਏ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ। ਨਾਟਕਕਾਰ ਦਾ ਕ੍ਰਿਸ਼ਨ ਨੂੰ ਇਸ਼ਟ ਬਿੰਬ ਤੋਂ ਲਾਂਭੇ ਕਰਕੇ ਇੱਕ ਰਾਜਨੀਤੀਵਾਨ ਦੇ ਤੌਰ ਤੇ ਪੇਸ਼ ਕਰਨ ਪਿੱਛਲਾ ਮਨੋਰਥ ਪੂਜਕ ਬਿੰਬ ਨੂੰ ਸਮਕਾਲੀ ਸਮੇਂ ਦੀਆਂ ਰਾਜਨੀਤਿਕ ਸਥਿੱਤੀਆਂ ਨਾਲ ਮੇਚ ਕੇ ਪੇਸ਼ ਕਰਨਾ ਵਿਅੰਗ ਭਰਪੂਰ ਹੈ।

ਕ੍ਰਿਸ਼ਨ ਨਾਟਕ ਦਾ ਮਨੋਰਥ ਕੇਵਲ ਕ੍ਰਿਸ਼ਨ ਬਿੰਬ ਨੂੰ ਤੋੜਨਾ ਨਹੀਂ ਸਗੋਂ ਉਸਦੇ ਨਾਇਕਤਵ ਉੱਤੇ ਵੀ ਡੂੰਘੀ ਚੋਟ ਕਰਦਾ ਹੋਇਆ ਉਸਦੇ ਵਿਅਕਤੀਤਵ ਉੱਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਨਜ਼ਰੀ ਪੈਂਦਾ ਹੈ। ਜ਼ਰਾਂ ਦੇ ਸੰਦਰਭ ਤੋਂ ਉਹ ਇਹ ਸੰਦੇਸ਼ ਦੇਣ ਦਾ ਯਤਨ ਵੀ ਕਰਦਾ ਹੈ

ਕਿ ਲੋਕ ਵਿਰੋਧੀ ਸ਼ਕਤੀਆਂ ਦਾ ਲੋਕ ਤਾਕਤ ਕਿੰਝ ਨਾਸ਼ ਕਰਦੀ ਹੈ। ਫਿਰ ਚਾਹੇ ਉਹ ਕੋਈ ਪੂਜਨੀਯ ਬਿੰਬ ਹੀ ਕਿਉਂ ਨਾ ਹੋਵੇ। ਅਜਿਹਾ ਹੀ ਕੁੱਝ ਨਾਟਕ ਦੇ ਅੰਤ ਵਿੱਚ ਵੇਖਣ ਨੂੰ ਮਿਲਦਾ ਹੈ ਜਦ ਜ਼ਰਾਂ ਦੇ ਹੱਥੋਂ ਕ੍ਰਿਸ਼ਨ ਨੂੰ ਤੀਰ ਵੱਜਦਾ ਹੈ :

> " ਮੈਂ ਜਾਣਦਾ ਹਾਂ ! ਤੇ ਅਨਾਮ ਮੈਂ ਵੀ ਨਹੀਂ ਹਾਂ। ਤੇਰੇ ਭਗਵਾਨ ਨੇ ਮੈਨੂੰ ਵੀ ਠੀਕ ਹੀ ਪਛਾਣਿਆ ਏ...ਮੈਂ ਜ਼ਰਾਂ ਹਾਂ...ਜੋ ਜੰਗਲ ਦੀ ਅੱਗ ਤੋਂ ਬੱਚ ਨਿਕਲਿਆ...ਪਰ ਬਦਲੇ ਦੀ ਅੱਗ ਵਿੱਚ ਸੜਦਾ ਰਿਹਾ ਤੜਪਦਾ ਰਿਹਾ...ਰਣ ਭੂਮੀ ਹੀ ਉਹ ਥਾਂ ਏ ਜਿੱਥੇ ਮਨੁੱਖ ਤੇ ਭਗਵਾਨ ਇੱਕੋ ਸਤਹ ਤੇ ਆਉਂਦੇ ਨੇ।" [6]

ਮਨੁੱਖ ਦੇ ਧਰਮ ਅਤੇ ਕਰਮ ਦੀ ਪੇਸ਼ਕਾਰੀ ਸਵਰਾਜਬੀਰ ਦੇ ਨਾਟਕ ਧਰਮ ਗੁਰੂ ਵਿੱਚ ਵੇਖਣ ਨੂੰ ਮਿਲਦੀ ਹੈ। ਇਸ ਨਾਟਕ ਵਿੱਚ ਵੀ ਸਵਰਾਜਬੀਰ ਨੇ ਹਾਸ਼ੀਆਗ੍ਰਸਤ ਧਿਰਾਂ ਦੇ ਤ੍ਰਾਸ ਭਰੇ ਜੀਵਨ ਨੂੰ ਪੇਸ਼ ਕੀਤਾ ਹੈ। ਭਾਰਤੀ ਇਤਿਹਾਸ ਵਿੱਚੋ ਦਲਿਤ ਇਸਤਰੀ ਦੇ ਹੱਕਾਂ ਦੇ ਸੰਘਰਸ਼ ਨੂੰ ਸਮੇਂ ਦੀ ਰਾਜਸ਼ਾਹੀ ਨੇ ਸਦਾ ਹੀ ਅੱਖੋਂ ਪਰੋਖੇ ਕਰਕੇ ਹਾਸ਼ੀਏ ਉੱਤੇ ਧੱਕਣ ਦਾ ਯਤਨ ਕੀਤਾ ਹੈ।

ਧਰਮ ਗੁਰੂ ਨਾਟਕ ਦਾ ਵਿਸ਼ਾ ਵੀ ਮਿਥਿਹਾਸ ਦੀ ਪੁਰਾਨ ਕਥਾ ਵਸਤੂ ਹੀ ਹੈ। ਇਸ ਵਿੱਚ 'ਤ੍ਰਿਸ਼ੰਕੂ' ਜੋ ਸਤਿਆਵ੍ਰਤ ਅਯੋਧਿਆ ਦੇ ਰਾਜਾ ਦਾ ਪੁੱਤਰ ਸੀ ਉਸਦਾ ਗੁਰੂ ਵਿਸ਼ਿਸ਼ਟ ਰਿਸ਼ੀ ਇੱਕ ਬ੍ਰਾਹਮਣ ਪੁੱਤਰੀ ਨੂੰ ਵਿਆਹ ਦੇ ਮੰਡਪ ਵਿੱਚੋਂ ਚੁੱਕ ਲਿਆਉਣ ਦੇ ਜੁਰਮ ਵਿੱਚ ਚੰਡਾਲ ਬਣ ਜਾਣ ਦਾ ਸ਼ਰਾਪ ਦੇਣਾ ਅਤੇ ਰਾਜਕੁਮਾਰ ਨੂੰ ਸਵਰਗ ਵਿੱਚੋਂ ਕੱਢਣ ਆਦਿ ਇਸ ਨਾਟਕ ਕਥਾ ਵਸਤੂ ਦਾ ਵਿਸਥਾਰ ਹੈ ਇਸ ਨਾਟਕ ਦਾ ਕੇਂਦਰ ਬਿੰਦੂ ਦਲਿਤ ਅਤੇ ਅਛੂਤ ਜਾਤੀਆਂ ਉੱਤੇ ਬ੍ਰਾਹਮਣੀ ਸੋਚ ਅਤੇ ਧਰਮ ਦੀ ਰਾਜਨੀਤੀ ਦੇ ਨਸ਼ੇ ਵਿੱਚ ਕੀਤੇ ਜਾਂਦੇ ਸ਼ੋਸ਼ਣ ਨੂੰ ਆਧਾਰ ਬਣਾਇਆ ਹੈ।

ਪੁਰਸ਼ ਦੀ ਕਾਮ ਵਾਸਨਾ ਦੀ ਪੂਰਤੀ ਲਈ ਔਰਤ ਨੂੰ ਰਾਜਸੀ ਹਰਮ ਤੋਂ ਲੈ ਕੇ ਬ੍ਰਾਹਮਣਾਂ ਨੂੰ ਵੀ ਦਾਨ ਵਿੱਚ ਦਿੱਤਾ ਜਾਣਾ ਹੀ ਭਾਰਤੀ ਸਮਾਜ ਦੀ ਸੱਚਾਈ ਹੈ। ਬ੍ਰਾਹਮਣੀ ਸੋਚ ਨੇ ਕਿਸ ਤਰ੍ਹਾਂ ਔਰਤ ਦੇ ਹੱਕਾਂ ਨੂੰ ਸੀਮਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਸਵਰਾਜਬੀਰ ਦਾ ਨਾਟਕ ਧਰਮ ਗੁਰੂ ਅਜਿਹੇ ਨਿਯਮਾਂ ਦਾ ਵਿਰੋਧ ਕਰਦਾ ਨਜ਼ਰ ਆਉਂਦਾ ਹੈ ਕਿਉਂਕਿ ਇਹ ਨਿਯਮ ਅਤੇ ਕਾਨੂੰਨ ਔਰਤ ਦੇ ਹੱਕਾਂ ਦਾ ਘਾਣ ਕਰਦੇ ਹਨ। ਨਾਟਕ ਵਿੱਚ ਚਿੱਤ੍ਰਰੇਖਾ ਦੁਆਰਾ ਆਪਣੇ ਹੱਕ ਦੀ ਗੱਲ ਕਰਨ ਤੇ ਵਿਸ਼ਿਸ਼ਟ ਉਸਨੂੰ ਚੁੱਪ ਕਰਾਉਂਦਾ ਕਹਿੰਦਾ ਹੈ :

> "ਧਰਮ ਕਿਸੇ ਕੰਨਿਆਂ ਨੂੰ ਆਤਮ ਨਿਰਨੇ ਦਾ ਅਧਿਕਾਰ ਨਹੀਂ ਦਿੰਦਾ ਇਹ ਅਧਿਕਾਰ ਉਸਦੇ ਪਿਤਾ ਨੂੰ ਹੀ ਹੈ।" [7]

ਇਸ ਨਾਟਕ ਦਾ ਮੁੱਖ ਧੁਰਾ ਬ੍ਰਾਹਮਣੀ ਸੋਚ ਉੱਤੇ ਵਿਅੰਗ ਹੈ ਉਹ ਬ੍ਰਾਹਮਣ ਜਿਸ ਨੇ ਧਰਮ ਨੂੰ ਹਥਿਆਰ ਬਣਾਇਆ ਅਤੇ ਆਪਣੇ ਆਪ ਨੂੰ ਧਰਮ ਗੁਰੂ ਅਖਵਾਉਣ ਦੇ ਨਾਲ ਨਾਲ ਆਪਣੇ ਦੁਆਰਾ ਬਣਾਏ ਨਿਯਮਾਂ ਕਾਰਨ ਨਾਰੀ ਦਾ ਸ਼ੋਸ਼ਣ ਕਰਕੇ ਉਸਨੂੰ ਹਾਸ਼ੀਆ ਤੇ ਧੱਕਿਆ ਹੈ। ਡਾ. ਸਰਬਜੀਤ ਇਸ ਬਾਰੇ ਲਿਖਦੇ ਹਨ :

> "...ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ ਜਿਹੜਾ ਆਰਥਿਕਤਾ ਦੇ ਨਾਲ-ਨਾਲ ਸਮਾਜਿਕ, ਸਭਿਆਚਾਰਕ, ਧਾਰਮਿਕ, ਮਾਨਸਿਕ, ਰਾਜਨੀਤਕ ਅਤੇ ਜਾਤੀ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ।" [8]

ਬ੍ਰਾਹਮਣੀ ਸੋਚ ਅਤੇ ਇਸੇ ਧਰਮ ਦੇ ਹਥਿਆਰ ਦੀ ਵਰਤੋਂ ਨਾਲ ਹੀ ਬ੍ਰਾਹਮਣਾਂ ਨੇ ਭਾਰਤੀ ਸਮਾਜ ਨੂੰ ਜਾਤੀ ਵਿਵਸਥਾ ਅਤੇ ਵਰਨ ਵੰਡ ਪੇਸ਼ ਕੀਤੇ ਹਨ। ਆਪਣੇ ਆਪ ਨੂੰ ਧਰਮ ਗੁਰੂ ਅਖਵਾਉਣ ਵਾਲੇ ਬ੍ਰਾਹਮਣਾਂ ਦੁਆਰਾ ਆਪਣੇ ਲਾਭ ਲਈ ਸਥਾਪਿਤ ਕੀਤੀ ਜਾਤੀ ਵਿਵਸਥਾ ਬਾਰੇ ਤਲਵਿੰਦਰ ਸਬਰਵਾਲ ਲਿਖਦਾ ਹੈ :

> "ਧਰਮ ਦੇ ਹਥਿਆਰ ਦੀ ਵਰਤੋਂ ਰਾਹੀਂ, ਅੱਜ ਵੀ ਦਲਿੱਤ ਵਰਗ ਨੂੰ ਅੱਡ ਰੱਖ ਕੇ, ਦਲਿਤ ਵਰਗ ਦੇ ਵਿਰੋਧੀ, ਉਨ੍ਹਾਂ ਦੀ ਨਾ ਕੇਵਲ ਧੱਕੇ ਨਾਲ ਖੋਹੀ ਮਨੁੱਖਤਾ ਨੂੰ ਵਾਪਸ ਦੇਣ ਤੋਂ ਇਨਕਾਰ ਕਰ ਰਹੇ ਹਨ, ਸਗੋਂ ਉਨ੍ਹਾਂ ਨੂੰ ਇਸਤੋਂ ਪਰ੍ਹੇ ਰੱਖਣ ਲਈ ਯਤਨ ਕਰ ਰਹੇ ਹਨ।" [9]

ਧਰਮ ਗੁਰੂ ਰਾਹੀਂ ਧਰਮ ਉੱਤੇ ਪ੍ਰਸ਼ਨ ਚਿੰਨ ਲਾਉਂਦਿਆਂ ਨਾਟਕਕਾਰ ਇਹ ਦੱਸਣ ਦਾ ਯਤਨ ਕਰਦਾ ਹੈ ਕਿ ਧਰਮ ਉਹ ਨਹੀਂ ਜੋ ਮਨੁੱਖ ਤੋਂ ਆਜ਼ਾਦੀ ਖੋਹ ਕੇ ਉਸਨੂੰ ਬੰਧਨਾ ਵਿੱਚ ਜਕੜੀ ਰੱਖੇ, ਸਗੋਂ ਧਰਮ ਤਾਂ ਸਰਬਤ ਦੇ ਭਲੇ ਲਈ ਹੁੰਦਾ ਹੈ। ਨਾਟਕ ਵਿੱਚ ਸੱਤਿਆਵ੍ਰਤ ਦੁਆਰਾ ਭੁੱਖੇ ਬੱਚਿਆਂ ਦੀ ਭੁੱਖ ਨੂੰ ਸ਼ਾਂਤ ਕਰਨ ਲਈ ਵਿਸ਼ਿਸ਼ਟ ਦੀ ਗਾਂ ਨੂੰ ਮਾਰ ਕੇ ਖੁਆ ਦੇਣਾ ਨਾਟਕਕਾਰ ਦੁਆਰਾ ਧਰਮ ਮੰਨਿਆ ਗਿਆ ਹੈ। ਮਨੁੱਖ ਦੀ ਆਜ਼ਾਦੀ ਦਾ ਘਾਣ ਕਰਕੇ ਉਸਦੇ ਪੈਰਾਂ ਵਿੱਚ ਪਾਪ ਪੁੰਨ ਦਾ ਰੱਸਾ ਪਾਉਣਾ ਇਸੇ ਬ੍ਰਾਹਮਣੀ ਸੋਚ ਦਾ ਮੁੱਖ ਮੰਤਵ ਸੀ। ਇਹ ਨਾਟਕ ਆਧੁਨਿਕ ਯੁੱਗ ਵਿੱਚ ਦਲਿਤ ਦ੍ਰਿਸ਼ਟੀ ਦੀ ਮਹੱਤਵਪੂਰਨ ਟੈਕਸਟ ਮੰਨੀ ਜਾ ਸਕਦੀ ਹੈ।

ਸਵਰਾਜਬੀਰ ਦਾ ਨਾਟਕ ਸ਼ਾਇਰੀ ਵੀ ਇਸੇ ਤਰ੍ਹਾਂ ਹੀ ਮਿੱਥਾਂ ਪਰੰਪਰਾਵਾਂ ਨੂੰ ਤੋੜਦਾ ਹੋਇਆ ਅੰਤ ਵਿੱਚ ਦੁਖਾਂਤਕ ਹੋ ਨਿਬੜਦਾ ਹੈ।'ਸ਼ਾਇਰੀ' ਨਾਟਕ ਆਇਸ਼ਾ ਨਾਂ ਦੀ ਔਰਤ ਦੀ ਕਹਾਣੀ ਹੈ ਜਿਸ ਨੂੰ ਉਸ ਦੇ ਸਮਕਾਲੀ ਸਮੇਂ ਵਿੱਚ ਉੱਘੇ ਪੀਰਾਂ ਦਾ ਕਰੜਾ ਵਿਰੋਧ ਸਹਾਰਨਾ ਪੈਂਦਾ ਹੈ। ਜਦੋਂ ਉਹ ਪੀਰੋ ਬਣਨ ਵੱਲ ਪਹਿਲਾਂ ਕਦਮ ਵਧਾਉਂਦੀ ਹੈ। ਪਰੰਪਰਾਗਤ ਸੋਚ ਅਨੁਸਾਰ ਤਾਂ ਔਰਤ ਨੂੰ ਪੜ੍ਹਣ-ਲਿਖਣ ਅਤੇ ਘਰੋਂ ਬਾਹਰ ਤੱਕ ਨਿਕਲਣ ਦੀ ਵੀ ਮਨਾਈ ਹੁੰਦੀ ਸੀ। ਪ੍ਰੰਤੂ ਆਇਸ਼ਾ ਨੇ ਉਸ ਮਿੱਥ ਨੂੰ ਤੋੜਿਆ ਹੈ ਕਿ ਪੀਰੀ ਫਕੀਰੀ ਕੇਵਲ ਮਰਦ ਦਾ ਹੀ ਕੰਮ ਹੁੰਦਾ ਹੈ। ਆਇਸ਼ਾ ਨੂੰ ਕਾਮ ਵਾਸਨਾ ਦੇ ਭੁੱਖੇ ਲੋਕਾਂ ਦਾ ਵੀ ਸ਼ਿਕਾਰ ਬਣਨਾ ਪੈਂਦਾ ਹੈ ਇਸ ਸੰਦਰਭ ਵਿੱਚ ਨਾਟਕ ਵਿੱਚ ਇਹ ਸਤਰਾਂ ਦਿੱਤੀਆਂ ਗਈਆਂ ਹਨ :

ਤਨ ਦੀ ਖ਼ੂਨੀ ਧਰਤੀ ਤੇ

ਨਿਤ- ਨਿਤ ਸ਼ੋਕ ਹੰਡਾਵਾਂ

ਵੇਹੜੇ ਆਵੇ ਹਾਕਮ ਪਿਆਰਾ

ਪ੍ਰੇਮ ਪਲੰਗ ਵਿਛਾਵਾਂ

ਹਾਕਮ ਪਕੜੇ ਵੀਣੀ ਮੇਰੀ

ਛੋਟੇ ਛੋਟੇ ਮੈਂ ਭੱਜ ਜਾਵਾਂ। [10]

ਸ਼ਾਇਰੀ ਨਾਟਕ ਵਿੱਚ ਆਇਸ਼ਾ ਗੁਲਾਬ ਦਾਸ ਨਾਲ ਜਦੋਂ ਇਸ਼ਕ ਹਕੀਕੀ ਵੱਲ ਵਧਣ ਲੱਗਦੀ ਹੈ ਤਦ ਉਸ ਸਮੇਂ ਗੁਲਾਬ ਦਾਸ ਦੇ ਬਰਾਬਰ ਦੇ ਦੂਜੇ ਪੀਰ ਫਕੀਰ ਆਇਸ਼ਾ ਨੂੰ ਜ਼ਹਿਰ ਪਿਆ ਕੇ ਮਾਰ ਦਿੰਦੇ ਹਨ। ਇਸ ਨਾਟਕ ਦੀ ਮੁੱਖ ਸੁਰ ਮਨੁੱਖ ਨੂੰ ਪਰੰਪਰਾਗਤ ਨਿਯਮਾਂ ਦੇ ਖਿਲਾਫ ਚੇਤਨ ਹੋਣ ਲਈ ਪ੍ਰੇਰਨਾ ਬਣਨਾ ਹੀ ਹੈ। ਇਸ ਨਾਟਕ ਵਿੱਚ ਸਵਰਾਜਬੀਰ ਇਸ ਮਿੱਥ ਨੂੰ ਤੋੜਦਾ ਨਜ਼ਰ ਆਉਂਦਾ ਹੈ ਕਿ ਪੀਰੀ ਫਕੀਰੀ ਕੇਵਲ ਮਰਦਾਂ ਲਈ ਬਣੀ ਹੈ।

ਇਸੇ ਤਰ੍ਹਾਂ ਦੇ ਹੀ ਮਿਥਿਹਾਸ ਦੀ ਕਹਾਣੀ ਜੋ ਪਰਿਸ਼ਕ੍ਰਿਤ ਨਿਮਲ ਅਤੇ ਜਨਮੇਜਯ ਆਦਿ ਦੀ ਕਹਾਣੀ ਰਾਹੀਂ 'ਅਗਨੀ ਕੁੰਡ' ਨਾਟਕ ਵਿੱਚ ਪੇਸ਼ ਹੋਈ ਹੈ। ਜਿਸ ਵਿੱਚ ਵਿਰੋਧੀ ਧੀਰਾਂ ਦੇ ਕੁੱਲ ਤੱਕ ਦਾ ਨਾਸ਼ ਕਰ ਦੇਣ ਦੀ ਬਦਲੇ ਦੀ ਭਾਵਨਾ ਇਸ ਨਾਟਕ ਦਾ ਅਹਿਮ ਧੁਰਾ ਬਣਕੇ ਉਬਰਦਾ ਹੈ। ਇਸ ਨਾਟਕ ਦੇ ਤਾਰ ਵੀ ਕ੍ਰਿਸ਼ਨ ਨਾਟਕ ਵਾਲੇ ਖਾਂਡਵ ਦਾਹ ਨਾਲ ਜਾ ਜੁੜਦੇ ਹਨ ਕਿਉਂਕਿ ਮਹਾਂਭਾਰਤ ਅਨੁਸਾਰ ਖਾਂਡਵ ਵਨ ਵਿੱਚ ਸੜਨ ਵਾਲੇ ਲੋਕ ਨਾਗ ਸਨ। ਜਿਸ ਤਰ੍ਹਾਂ ਇਸ ਨਾਟਕ ਵਿੱਚ ਰਿਸ਼ੀ ਦੀ ਬੇਪਤੀ ਕਾਰਨ ਨਾਗਾਂ ਨੂੰ ਸਰਪਸਤਰ ਯੱਗ ਵਿੱਚ ਸੜਨਾ ਪਿਆ, ਪ੍ਰੰਤੂ ਇਸ ਪਿੱਛੇ ਬ੍ਰਾਹਮਣੀ ਸੋਚ ਪੇਸ਼ ਹੁੰਦੀ ਹੈ ਜੀਵਨ ਦਾ ਅਗਨੀ ਕੁੰਡ ਜੋ ਸਦਾ ਹੀ ਤਪਦਾ ਰਹਿੰਦਾ ਹੈ ਅਤੇ ਉਸ ਵਿੱਚ ਨਿਹੱਥੇ ਲੋਕਾਂ ਦੀ ਅਹੂਤੀ ਦਿੱਤੀ ਜਾਂਦੀ ਹੈ ਇਸ ਪਿੱਛੇ ਕਾਰਨ ਕੋਈ ਵੀ ਬਣਾਇਆ ਜਾ ਸਕਦਾ ਹੈ ਰਾਸ਼ਟਰ ਕੌਮ ਜਾਂ ਧਰਮ। ਅਜਿਹੇ ਅਗਨੀ ਕੁੰਡਾਂ ਵਿੱਚ ਲੱਖਾਂ ਲੋਕ ਰੋਜ਼ ਸੜਦੇ ਹਨ ਅਤੇ ਹੁਣ ਵੀ ਸਾੜੇ ਜਾ ਰਹੇ ਹਨ। ਕੇਵਲ ਉਹਨਾਂ ਦੇ ਨਾਮ ਸਮੇਂ ਨਾਲ ਬਦਲਦੇ ਰਹਿੰਦੇ ਹਨ ਕਦੇ ਉਹ ਖਾਂਡਵ ਦਾਹ ਕਦੇ ਸਰਪਸਤਰ ਯੱਗ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਸਮਕਾਲੀਨ ਸਮਾਜ ਵਿੱਚ ਵੀ ਘੱਟ ਅਧਿਕਾਰਾਂ ਵਾਲੇ ਲੋਕ ਅਜਿਹੇ ਕਿੰਨੇ ਹੀ ਖਾਂਡਵ ਦਾਹ ਵਿੱਚ ਸੜਦੇ ਹਨ ਕਿੰਨੇ ਹੀ ਸਰਪਸਤਰ ਯੱਗਾਂ ਵਿੱਚ ਉਹਨਾਂ ਦੀ ਅਹੂਤੀ ਦਿੱਤੀ ਜਾਂਦੀ ਹੈ। ਪ੍ਰਤੀਕਾਤਮਕ ਤੌਰ ਤੇ ਨਾਟਕਕਾਰ ਧਿਆਨ ਦਵਾਉਣ ਦਾ ਸੁਯੋਗ ਯਤਨ ਕਰਦਾ ਨਜ਼ਰ ਆਉਂਦਾ ਹੈ।

ਸਵਰਾਜਬੀਰ ਨੇ ਆਪਣੇ ਸਾਰੇ ਹੀ ਨਾਟਕਾਂ ਵਿੱਚ ਉਹਨਾਂ ਲੋਕਾਂ ਨੂੰ ਨਾਇਕ ਵਜੋਂ ਪੇਸ਼ ਕਰਨ ਦਾ ਯਤਨ ਕੀਤਾ ਹੈ ਜਿਨਾਂ ਲੋਕਾਂ ਨੂੰ ਉਹਨਾਂ ਦੇ ਵਰਨ ਜਾਂ ਜਾਤ ਕਾਰਨ ਹਾਸ਼ੀਏ ਤੇ ਧੱਕਿਆ ਗਿਆ ਸੀ। ਇਸੇ ਹੀ ਵਰਣ ਵਿਵਸਥਾ ਨੇ ਅੱਗੇ ਜਾਤ ਵਿਵਸਥਾ ਨੂੰ ਜਨਮ ਦਿੱਤਾ। ਇਨਾ ਹੀ ਨਹੀਂ ਸਵਰਾਜਬੀਰ ਬ੍ਰਾਹਮਣੀ ਸੋਚ ਅਤੇ ਉਸਦੇ ਚਤੁਰਾਈ ਯੁਕਤ ਚਾਲ ਨੂੰ ਵੀ ਬੇਨਕਾਬ ਕਰਨ ਦਾ ਯਤਨ ਕਰਦਾ ਹੈ। ਜਿਸ ਦੇ ਕਾਰਨ ਬ੍ਰਾਹਮਣਾਂ ਨੇ ਆਪਣੇ ਸਮਾਜਿਕ ਰੁਤਬੇ ਨੂੰ ਬਣਾਈ ਰੱਖਣ ਲਈ ਧਰਮ ਵਰਗੇ ਕਰੜੇ ਹਥਿਆਰ ਦੀ ਵਰਤੋਂ ਕੀਤੀ। ਕਈ ਵਿਦਵਾਨਾਂ ਦਾ ਮੱਤ ਹੈ ਕੀ ਆਰਿਆ ਲੋਕ ਜੋ ਭਾਰਤ ਆਏ ਅਤੇ ਉਨਾਂ ਦਰਾਵੜਾਂ ਨੂੰ ਹਰਾਉਣ ਤੋਂ ਬਾਅਦ ਕਿਸ ਤਰ੍ਹਾਂ ਭਾਰਤ ਦੇ ਮੂਲ ਲੋਕਾਂ ਨੂੰ ਆਪਣੇ ਦਾਸ ਬਣਾਇਆ ਉਹਨਾਂ ਨੂੰ ਸ਼ੂਦਰ ਵਰਗ ਬਣਾ ਕੇ ਆਪਣੇ ਆਪ ਨੂੰ ਸਵਰਨ ਵਰਣਾਂ ਵਿੱਚ ਰੱਖਿਆ।

ਭਾਰਤੀ ਸਮਾਜ ਸ਼ੁਰੂ ਤੋਂ ਹੀ ਧਰਮ ਦੀ ਅਹਿਮ ਭੂਮਿਕਾ ਨੂੰ ਸਵੀਕਾਰਦਾ ਹੈ ਅਤੇ ਇਸ ਧਰਮ ਕਾਰਨ ਹੀ ਭੋਜਨ ਸਬੰਧੀ ਪ੍ਰਤਿਬੰਧ ਅਤੇ ਵੱਖ ਵੱਖ ਵਿਅਕਤੀ ਵੱਖੋ ਵੱਖਰੇ ਸਮੂਹਾਂ ਵਿੱਚ ਸੰਗਠਿਤ ਹੋ ਕੇ ਵੱਖ ਵੱਖ ਜਾਤਾਂ ਦਾ ਰੂਪ ਧਾਰਨ ਕਰ ਗਏ। ਅਜਿਹਾ ਸਵਰਾਜਬੀਰ ਦੇ ਨਾਟਕ ਕ੍ਰਿਸ਼ਨ ਵਿਚ ਵੇਖਣ ਨੂੰ ਮਿਲਦਾ ਹੈ, ਕ੍ਰਿਸ਼ਨ ਦੀ ਧਾਰਮਿਕ ਮਾਨਤਾ ਉਸਨੂੰ ਭਗਵਾਨ ਅਤੇ ਪੂਜਨੀਯ ਬਣਾਉਂਦੀ ਹੈ। ਪ੍ਰੰਤੂ ਉਸਦੇ ਖਾਂਡਵ ਦਾਹ ਦੇ ਕ੍ਰਿਤ ਕਾਰਨ ਉਸਦੇ ਖਲਨਾਇਕ ਵਾਲੇ ਕਿਰਦਾਰ ਨੂੰ ਵੀ ਸਵਰਾਜਬੀਰ ਨੇ ਬੇਪਰਦਾ ਕਰਨ ਦਾ ਭਰਪੂਰ ਯਤਨ ਕੀਤਾ ਹੈ। ਪ੍ਰੰਤੂ ਭਾਰਤੀ ਜਾਤ ਵਿਵਸਥਾ ਨੂੰ ਕੇਵਲ ਬ੍ਰਾਹਮਣੀ ਸੋਚ ਦਾ ਹੀ ਸਿੱਟਾ ਕਹਿਣਾ ਵੀ ਵਾਜਿਬ ਨਹੀਂ ਕਿਉਂਕਿ ਇਸ ਦੇ ਹੋਰ ਵੀ ਬਹੁਤੇ ਕਾਰਨ ਹਨ। ਭਾਰਤ ਵਿੱਚ ਜਾਤ ਵਿਵਸਥਾ ਨੂੰ ਜਨਮ ਅਧਾਰਿਤ ਹੀ ਮੰਨਿਆ ਗਿਆ ਹੈ ਇਸੇ ਜਨਮ ਅਧਾਰਿਤ ਜਾਤ ਵਿਵਸਥਾ ਬਾਰੇ ਡਾ. ਬੀ. ਆਰ. ਅੰਬੇਡਕਰ ਲਿਖਦੇ ਹਨ :

> "ਹਿੰਦੂ ਸਮਾਜ ਇੱਕ ਬਹੁਮੰਜਲੀ ਇਮਾਰਤ ਦੀ ਤਰ੍ਹਾਂ ਹੈ, ਜਿਸ ਵਿੱਚ ਹਰ ਜਾਤੀ ਇਸ ਮੀਨਾਰ ਦੀ ਇੱਕ ਮੰਜ਼ਿਲ ਹੈ। ਧਿਆਨ ਦੇਣ ਦੀ ਗੱਲ ਹੈ ਕਿ ਇਸ ਮੀਨਾਰ ਤੋਂ ਬਾਹਰ ਨਿਕਲਣ ਲਈ ਪੌੜੀਆਂ ਨਹੀਂ ਹਨ। ਇੱਕ ਮੰਜ਼ਿਲ ਤੋਂ ਦੂਸਰੀ ਮੰਜ਼ਿਲ ਵਿੱਚ ਆਉਣ ਜਾਣ ਲਈ ਕੋਈ ਰਸਤਾ ਨਹੀਂ ਹੈ। ਜੋ ਜਿਸ ਮੰਜ਼ਿਲ ਵਿੱਚ ਜਨਮ ਲੈਂਦਾ ਹੈ, ਉਸੇ ਮੰਜ਼ਿਲ ਵਿੱਚ ਹੀ ਮਰਦਾ ਹੈ।" [11]

ਇਸ ਜਾਤ ਵਿਵਸਥਾ ਕਾਰਨ ਹੀ ਵਿਅਕਤੀ ਦਾ ਕੰਮ ਕਾਜ ਵੀ ਨਿਰਧਾਰਿਤ ਕਰ ਦਿੱਤਾ ਜਾਂਦਾ ਹੈ। ਕੁਝ ਇਸ ਤਰ੍ਹਾਂ ਦੀ ਕੱਟੜਤਾ ਦੀ ਹੱਦ ਸਵਰਾਜਬੀਰ ਦੇ ਨਾਟਕ ਸ਼ਾਇਰੀ ਵਿੱਚ ਵੇਖਣ ਨੂੰ ਮਿਲਦੀ ਹੈ ਜਦੋਂ ਆਇਸ਼ਾ ਪੀਰੋ ਬਣਨ ਲਈ ਯਤਨਸ਼ੀਲ ਹੁੰਦੀ ਹੈ ਤਦ ਉਸਨੂੰ

ਕਿੰਨੇ ਹੀ ਸਥਾਪਿਤ ਪੀਰਾਂ ਫਕੀਰਾਂ ਦਾ ਵਿਰੋਧ ਸਹਾਰਨਾ ਪੈਂਦਾ ਹੈ ਅਤੇ ਉਸਨੂੰ ਸਰੀਰਕ ਸ਼ੋਸ਼ਣ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ। ਅੰਤ ਉਸ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਜਾਂਦਾ ਹੈ ਤਾਂ ਜੋ ਉਹ ਰਵਾਇਤੀ ਪਰੰਪਰਾ ਨੂੰ ਤੋੜਨ ਵਿੱਚ ਸਫਲ ਨਾ ਹੋ ਸਕੇ, ਕਿ ਪੀਰੀ ਫਕੀਰੀ ਕੇਵਲ ਮਰਦਾਂ ਲਈ ਬਣੀ ਹੈ।

ਖੋਜ ਪੇਪਰ ਦੇ ਸੀਮਿਤ ਦਾਇਰੇ ਦਾ ਧਿਆਨ ਰੱਖਦਿਆਂ ਇਹ ਕਹਿਣਾ ਵਾਜਿਬ ਹੋਵੇਗਾ ਕਿ ਸਵਰਾਜਬੀਰ ਨੇ ਆਪਣੇ ਹਰ ਨਾਟਕ ਵਿੱਚ ਕਿਸੇ ਨਾ ਕਿਸੇ ਮਿੱਥੀਹਾਸਿਕ ਇਤਿਹਾਸਿਕ ਕਥਾ ਨੂੰ ਆਧਾਰ ਬਣਾ ਕੇ ਉਸ ਮਿਥ ਦਾ ਭੰਜਨ ਸਮਕਾਲ ਦੇ ਸੰਦਰਭ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਨਾਟਕਕਾਰ ਦੇ ਸਾਰੇ ਨਾਟਕ ਹੀ ਮਿੱਥ ਨੂੰ ਤੋੜਦੇ ਨਜ਼ਰ ਆਉਂਦੇ ਹਨ। ਉਹ ਘੱਟ ਅਧਿਕਾਰਾਂ ਵਾਲੇ ਲੋਕਾਂ ਦੇ ਹੱਕਾਂ ਦੀ ਵੀ ਰਹਿਨੁਮਾਈ ਇਨ੍ਹਾਂ ਨਾਟਕਾਂ ਰਾਹੀਂ ਕਰਨ ਦਾ ਯਤਨ ਕਰਦਾ ਹੈ ਇਹੀ ਨਾਟਕਕਾਰ ਦੇ ਹਰ ਨਾਟਕ ਦਾ ਮਨੋਰਥ ਬਣ ਕੇ ਪੇਸ਼ ਹੁੰਦਾ ਹੈ।

**ਹਵਾਲੇ** . :

1. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਸ਼ਬਦ ਕੋਸ਼, ਪੰਨਾ 509.
2. ਅਸ਼ੋਕ ਭਗਤ(ਸੰਪਾ), ਪੰਜਾਬੀ ਨਾਟਕ ਬਹੁਪੱਖੀ ਅਧਿਐਨ, ਪੰਨਾ 1.
3. ਕਪੂਰ ਸਿੰਘ ਘੁੰਮਣ(ਸੰਪਾ), ਪਰਦਿਆਂ ਦੇ ਆਰ-ਪਾਰ, ਪੰਨਾ 9.
4. ਹਰਚਰਨ ਸਿੰਘ, ਨਾਟਕ ਤੇ ਹੋਰ ਲੇਖ, ਪੰਨਾ 49.
5. ਭੁਪਿੰਦਰ ਸਿੰਘ ਖਹਿਰਾ, ਲੋਕਯਾਨ ਭਾਸ਼ਾ ਤੇ ਸੱਭਿਆਚਾਰ, ਪੰਨਾ 35.
6. ਸਵਰਾਜਬੀਰ, ਕ੍ਰਿਸ਼ਨ, ਪੰਨਾ 86-87.
7. ਸਵਰਾਜਬੀਰ, ਧਰਮਗੁਰੁ, ਪੰਨਾ 43.
8. ਪਰਮਜੀਤ ਕੌਰ ਸਿੱਧੂ, ਪੰਜਾਬੀ ਕਹਾਣੀ ਵਿੱਚ ਦਲਿਤ ਸਰੋਕਾਰ, ਪੰਨਾ 38.
9. ਉਹੀ ਪੰਨਾ 32.
10. ਸਵਰਾਜਬੀਰ, ਸ਼ਾਇਰੀ, ਪੰਨਾ 47.
11. ਪਰਮਜੀਤ ਕੌਰ ਸਿੱਧੂ, ਪੰਜਾਬੀ ਕਹਾਣੀ ਵਿੱਚ ਦਲਿਤ ਸਰੋਕਾਰ, ਪੰਨਾ 13.